City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga x.com/citymississauga

## ਵਿਕਟੋਰੀਆ ਡੇ ਨੂੰ ਸੁਰੱਖਿਅਤ ਢੰਗ ਨਾਲ ਮਨਾਓ: ਪਟਾਕਿਆਂ ਦੇ ਨਿਯਮ, ਜਿਨ੍ਹਾਂ ਬਾਰੇ ਹਰ ਵਸਨੀਕ ਨੂੰ ਜਾਣਨਾ ਚਾਹੀਦਾ ਹੈ

ਇਸ ਵਿਕਟੋਰੀਆ ਡੇ (Victoria Day) ਦੇ ਲੰਬੇ ਵੀਕੈਂਡ ਨੂੰ, ਸ਼ਹਿਰ ਦੇ ਫਾਇਰਵਰਕਸ ਬਾਇ-ਲਾਅ (Fireworks By-law) ਦੀ ਪਾਲਣਾ ਕਰਕੇ, ਅੱਗ ਤੋਂ ਸੁਰੱਖਿਆ ਦੇ ਨਿਯਮਾਂ ਨੂੰ ਅਪਨਾ ਕੇ, ਅਤੇ ਆਪਣੇ ਗੁਆਂਢੀਆਂ ਦਾ ਸਤਿਕਾਰ ਕਰਕੇ, ਜਸ਼ਨਾਂ ਨੂੰ ਸੁਰੱਖਿਅਤ ਅਤੇ ਮਨੋਰੰਜਕ ਬਣਾਈ ਰੱਖੋ।

4 ਮਈ, 2026

ਗਰਮੀਆਂ ਦੀ ਅਧਿਕਾਰਤ ਸ਼ੁਰੂਆਤ ਵਿੱਚ ਅਜੇ ਸ਼ਾਇਦ ਕੁਝ ਹਫ਼ਤੇ ਬਾਕੀ ਹਨ, ਪਰ ਵੱਡੇ ਦਿਨਾਂ ਅਤੇ ਗਰਮ ਮੌਸਮ ਦੇ ਆਉਣ ਕਰਕੇ, ਸਾਡੇ ਵਿੱਚੋਂ ਬਹੁਤ ਸਾਰੇ ਲੋਕ ਵਿਕਟੋਰੀਆ ਡੇ ਦੇ ਲੰਬੇ ਵੀਕੈਂਡ ਦਾ ਜਸ਼ਨ ਮਨਾਉਣ ਦੀ ਉਡੀਕ ਕਰ ਰਹੇ ਹਨ। ਭਾਵੇਂ ਤੁਸੀਂ ਆਪਣਾ ਬਾਗ ਲਗਾ ਰਹੇ ਹੋ, ਕਿਸੇ ਪਾਰਕ ਜਾਂ ਪੈਟਿਓ ਦਾ ਆਨੰਦ ਲੈ ਰਹੇ ਹੋ, ਜਾਂ ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾ ਰਹੇ ਹੋ, ਇਹ ਆਰਾਮ ਕਰਨ ਅਤੇ ਆਨੰਦ ਮਾਣਨ ਦਾ ਸਮਾਂ ਹੈ। ਇਹ ਇਸ ਗੱਲ ਦੀ ਵੀ ਵਧੀਆ ਯਾਦ ਦਵਾਉਂਦਾ ਹੈ ਕਿ ਅਸੀਂ ਸਾਰੇ ਚੰਗੇ ਗੁਆਂਢੀ ਬਣਨ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਣ ਵਿੱਚ ਭੂਮਿਕਾ ਨਿਭਾਉਂਦੇ ਹਾਂ - ਤਾਂ ਜੋ ਹਰ ਕੋਈ ਵੀਕੈਂਡ ਦਾ ਸੁਰੱਖਿਅਤ ਢੰਗ ਨਾਲ ਆਨੰਦ ਲੈ ਸਕੇ।

### ਵਿਕਟੋਰੀਆ ਡੇ ਲਈ ਪਟਾਕੇ

Mississauga ਸ਼ਹਿਰ ਵਸਨੀਕਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਘਰ ਵਿੱਚ ਪਟਾਕਿਆਂ ਦੀ ਵਰਤੋਂ ਕਰਦੇ ਸਮੇਂ, ਫ਼ਾਇਰਵਰਕਸ ਬਾਇ-ਲਾਅ (Fireworks By-law), ਸੰਬੰਧਿਤ ਨਿਯਮਾਂ ਅਤੇ ਹੋਰ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ, ਤਾਂ ਜੋ ਜਸ਼ਨ ਹਰ ਕਿਸੇ ਲਈ ਸੁਰੱਖਿਅਤ ਅਤੇ ਮਨੋਰੰਜਕ ਹੋਣ।

ਇਸ ਵਿਕਟੋਰੀਆ ਡੇ ਨੂੰ, ਤੁਸੀਂ ਸੋਮਵਾਰ, 18 ਮਈ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ, ਘਰ ਵਿੱਚ, ਆਪਣੀ ਪ੍ਰਾਈਵੇਟ ਪ੍ਰਾਪਰਟੀ 'ਤੇ ਪਟਾਕੇ ਚਲਾ ਸਕਦੇ ਹੋ।

2025 ਵਿੱਚ, ਕੌਂਸਲ ਨੇ ਫਾਇਰਵਰਕਸ ਬਾਇ-ਲਾਅ ਵਿੱਚ ਸੋਧ ਕਰਨ ਲਈ ਵੋਟ ਦਿੱਤੀ ਸੀ, ਤਾਂ ਜੋ ਕਮਿਊਨਿਟੀ ਦੀ ਸੁਰੱਖਿਆ ਨੂੰ ਹੋਰ ਬਿਹਤਰ ਬਣਾਉਣ ਅਤੇ ਫਾਇਰਵਰਕਸ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਲਈ, ਵਾਧੂ ਪਾਬੰਦੀਆਂ ਸ਼ਾਮਲ ਕੀਤੀਆਂ ਜਾ ਸਕਣ। ਇਹਨਾਂ ਤਬਦੀਲੀਆਂ ਵਿੱਚ ਸ਼ਾਮਲ ਹਨ:

- ਰੋਮਨ ਮੋਮਬੱਤੀ ਪਟਾਕਿਆਂ ਦੀ ਵਰਤੋਂ, ਵਿਕਰੀ, ਵੰਡ ਅਤੇ ਉਨ੍ਹਾਂ ਨੂੰ ਰੱਖਣ 'ਤੇ ਪਾਬੰਦੀ।
- ਪਟਾਕਿਆਂ ਦੀ ਵਿਕਰੀ ਨੂੰ ਛੁੱਟੀ ਵਾਲੇ ਦਿਨ ਨੂੰ ਛੱਡ ਕੇ, ਛੁੱਟੀ ਤੋਂ ਪਹਿਲਾਂ ਸਿਰਫ਼ 10 ਦਿਨਾਂ ਤੱਕ ਸੀਮਿਤ ਕਰਨਾ।
- ਖਪਤਕਾਰ ਪਟਾਕਿਆਂ ਲਈ ਪਰਮਿਟ ਹੁਣ ਨਹੀਂ ਦਿੱਤੇ ਜਾਣਗੇ। ਸਿਰਫ਼ ਡਿਸਪਲੇ ਜਾਂ ਪੇਸ਼ੇਵਰ ਪਟਾਕਿਆਂ ਲਈ ਪਰਮਿਟ ਮਨਜ਼ੂਰ ਕੀਤੇ ਜਾਣਗੇ।

City of Mississauga
300 City Centre Drive
Mississauga, ON L5B 3C1

# News Release

mississauga.ca    facebook.com/citymississauga    x.com/citymississauga

ਜਿੱਥੇ ਤੁਸੀਂ ਖਪਤਕਾਰ ਪਟਾਕਿਆਂ ਦੀ ਵਰਤੋਂ ਨਹੀਂ ਕਰ ਸਕਦੇ, ਉਹ ਨਿਯਮ ਨਹੀਂ ਬਦਲਿਆ ਹੈ – ਪਾਰਕਾਂ, ਪਾਰਕਿੰਗ ਲੌਟਸ, ਸਟ੍ਰੀਟਸ, ਸਾਈਡਵਾਕਸ, ਜਾਂ ਉਸ ਪ੍ਰਾਪਰਟੀ 'ਤੇ ਇਨ੍ਹਾਂ ਦੀ ਇਜਾਜ਼ਤ ਨਹੀਂ ਹੈ, ਜਿਸਦੇ ਤੁਸੀਂ ਮਾਲਕ ਨਹੀਂ ਹੋ।

ਆਪਣੇ ਗੁਆਂਢੀਆਂ ਦੇ ਪ੍ਰਤੀ ਸਤਿਕਾਰ ਕਰਨਾ ਯਾਦ ਰੱਖੋ, ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿਓ, ਅਤੇ ਬਾਇ-ਲਾਅ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰੋ। ਯਾਦ ਰੱਖੋ, ਪਟਾਕਿਆਂ ਦੀ ਵਰਤੋਂ ਕਰਦੇ ਸਮੇਂ, ਸਾਰਿਆਂ ਨੂੰ ਸੁਰੱਖਿਅਤ ਰੱਖਣ ਲਈ, ਸੁਰੱਖਿਆ ਨੂੰ ਆਪਣੀ ਯੋਜਨਾ ਦਾ ਹਿੱਸਾ ਬਣਾਓ (make safety a part of your plan)।

ਪਟਾਕਿਆਂ ਸਬੰਧੀ ਸ਼ਿਕਾਇਤ ਦਰਜ ਕਰਾਉਂਦੇ ਸਮੇਂ, 911 'ਤੇ ਕਾਲ ਕਰਨ ਤੋਂ ਪਰਹੇਜ਼ ਕਰੋ, ਜਦੋਂ ਤੱਕ ਕੋਈ ਜ਼ਖਮੀ ਨਾ ਹੋਇਆ ਹੋਵੇ ਜਾਂ ਪਟਾਕਿਆਂ ਦੀ ਗਲਤ ਵਰਤੋਂ ਕਾਰਨ ਅੱਗ ਲੱਗਣ ਦਾ ਖ਼ਤਰਾ ਨਾ ਹੋਵੇ। ਪਟਾਕਿਆਂ ਦੀ ਗੈਰ-ਕਾਨੂੰਨੀ ਵਰਤੋਂ ਬਾਰੇ ਸ਼ਿਕਾਇਤ ਦਰਜ ਕਰਾਉਣ ਲਈ, mississauga.ca/fireworks 'ਤੇ ਜਾਓ ਜਾਂ 311 'ਤੇ ਕਾਲ ਕਰੋ।

Mississauga ਵਿੱਚ ਪਟਾਕਿਆਂ ਦੀ ਵਰਤੋਂ ਅਤੇ ਪਟਾਕਿਆਂ ਦੀ ਗੈਰ-ਕਾਨੂੰਨੀ ਵਰਤੋਂ ਦੀ ਰਿਪੋਰਟ ਕਰਨ ਦੀ ਪ੍ਰਕਿਰਿਆ ਬਾਰੇ ਹੋਰ ਜਾਣੋ: mississauga.ca/fireworks

## ਵਿਕਟੋਰੀਆ ਡੇ ਦੇ ਲੰਬੇ ਵੀਕੈਂਡ ਦੌਰਾਨ ਅੱਗ ਤੋਂ ਸੁਰੱਖਿਆ

## ਬਾਰਬੇਕਿਊ (BBQ) ਕਰਦੇ ਸਮੇਂ ਜਾਂ ਬਾਹਰ ਖਾਣਾ ਪਕਾਉਂਦੇ ਹੋਏ ਸੁਰੱਖਿਅਤ ਰਹੋ

ਕੀ ਤੁਸੀਂ ਗਰਮ ਮੌਸਮ ਦਾ ਫਾਇਦਾ ਉਠਾ ਕੇ ਬਾਹਰ ਖਾਣਾ ਪਕਾਉਣ ਜਾਂ ਬਾਰਬੇਕਿਊ (BBQ) ਵਿੱਚ ਸ਼ਾਮਲ ਹੋ ਰਹੇ ਹੋ ਜਾਂ ਇਸਦੀ ਮੇਜ਼ਬਾਨੀ ਕਰ ਰਹੇ ਹੋ? ਅੱਗ ਤੋਂ ਸੁਰੱਖਿਆ ਨੂੰ ਤਰਜੀਹ ਦਿਓ:

- ਬਾਰਬੇਕਿਊ ਨੂੰ ਕਦੇ ਵੀ ਬਿਨਾਂ ਨਿਗਰਾਨੀ ਦੇ ਨਾ ਛੱਡੋ।
- ਕਦੇ ਵੀ ਆਪਣੇ ਗੈਰਾਜ ਵਿੱਚ ਖਾਣਾ ਨਾ ਪਕਾਓ ਜਾਂ ਬਾਰਬੇਕਿਊ ਨਾ ਕਰੋ।
- ਆਪਣੇ ਬਾਰਬੇਕਿਊ ਨੂੰ ਵਾੜਾਂ ਅਤੇ ਬਿਲਡਿੰਗਾਂ ਤੋਂ ਦੂਰ ਰੱਖੋ।
- ਹਰ ਵਾਰ ਵਰਤੋਂ ਤੋਂ ਬਾਅਦ ਆਪਣੀ ਗ੍ਰਿੱਲ ਸਾਫ਼ ਕਰੋ।
- ਹੋਰ ਸੁਝਾਵਾਂ ਲਈ ਸ਼ਹਿਰ ਦੀ, BBQ ਸੁਰੱਖਿਆ ਗਾਈਡ (BBQ safety guide) ਦੇਖੋ।

## ਖੁੱਲ੍ਹੇ ਵਿੱਚ ਅੱਗ ਬਾਲਣ ਦੇ ਨਿਯਮਾਂ ਦੀ ਪਾਲਣਾ ਕਰੋ

ਤੁਸੀਂ ਸੂਰਜ ਚੜ੍ਹਨ ਤੋਂ ਲੈ ਕੇ ਰਾਤ 11 ਵਜੇ ਤੱਕ, ਬਿਨਾਂ ਪਰਮਿਟ ਦੇ ਫਾਇਰਪਲੇਸ, ਫਾਇਰ ਪਿੱਟ ਜਾਂ ਸਮੋਕਹਾਉਸ (outdoor fireplace, fire pit or smokehouse without a permit) ਦਾ ਆਨੰਦ ਵੀ ਲੈ ਸਕਦੇ ਹੋ, ਜਦੋਂ ਤੱਕ ਤੁਸੀਂ ਸ਼ਹਿਰ ਦੇ ਓਪਨ ਏਅਰ ਬਰਨਿੰਗ ਬਾਇ-ਲਾਅ (Open Air Burning By-law) ਦੇ ਨਿਯਮਾਂ ਦੀ ਪਾਲਣਾ ਕਰਦੇ ਹੋ।

ਤੁਹਾਨੂੰ ਇਹ ਕਰਨਾ ਲਾਜ਼ਮੀ ਹੈ:

- ਯਕੀਨੀ ਬਣਾਓ ਕਿ ਤੁਹਾਡੀ ਅੱਗ ਤੋਂ ਨਿੱਕਲਣ ਵਾਲਾ ਧੂੰਆਂ ਅਤੇ ਗੰਧ ਕਿਸੇ ਪਰੇਸ਼ਾਨੀ ਦਾ ਕਾਰਨ ਨਾ ਬਣੇ।
- ਅੱਗ ਨੂੰ ਬੁਝਾਏ ਜਾਣ ਤੱਕ ਕਦੇ ਵੀ ਬਿਨਾਂ ਨਿਗਰਾਨੀ ਦੇ ਨਾ ਛੱਡੋ।
- ਯਕੀਨੀ ਬਣਾਓ ਕਿ ਤੁਹਾਡੀ ਅੱਗ ਕਿਸੇ ਵੀ ਬਿਲਡਿੰਗ, ਸਟ੍ਰਕਚਰ, ਪ੍ਰਾਪਰਟੀ ਦੀ ਹੱਦ, ਦਰੱਖਤ, ਵਾੜ, ਰੋਡਵੇ, ਜਾਂ ਅਜਿਹੀ ਕਿਸੇ ਵੀ ਚੀਜ਼ ਤੋਂ ਘੱਟੋ-ਘੱਟ ਪੰਜ ਮੀਟਰ ਦੂਰ ਹੋਵੇ, ਜਿਸਨੂੰ ਅੱਗ ਲੱਗ ਸਕਦੀ ਹੈ।

ਭਾਵੇਂ ਤੁਸੀਂ ਬਾਰਬੇਕਿਊ ਕਰ ਰਹੇ ਹੋ ਜਾਂ ਬਾਹਰ ਅੱਗ ਦਾ ਆਨੰਦ ਲੈ ਰਹੇ ਹੋ, ਹਮੇਸ਼ਾ ਇੱਕ ਅੱਗ ਬੁਝਾਊ ਯੰਤਰ ਜਾਂ ਪਾਣੀ ਦੀ ਪਾਈਪ ਨੇੜੇ ਰੱਖੋ।

ਅੱਗ ਤੋਂ ਸੁਰੱਖਿਆ (fire safety) ਬਾਰੇ ਹੋਰ ਜਾਣੋ।

# ਪਾਰਕਿੰਗ, ਪਾਰਕਿੰਗ ਕਰਨ ਦੇ ਨਿਯਮ-ਕਾਇਦੇ, ਅਤੇ ਇੱਕ ਚੰਗਾ ਗੁਆਂਢੀ ਬਣਨਾ

## ਵਿਕਟੋਰੀਆ ਡੇ ਨੂੰ ਸਟ੍ਰੀਟ 'ਤੇ ਪਾਰਕਿੰਗ

ਵਿਕਟੋਰੀਆ ਡੇ ਨੂੰ, ਪੰਜ ਘੰਟਿਆਂ ਦੀ ਸੀਮਾ ਤੋਂ ਇਲਾਵਾ, ਸਵੇਰੇ 8 ਵਜੇ ਤੋਂ ਰਾਤ 11:59 ਵਜੇ ਤੱਕ ਸਟ੍ਰੀਟ 'ਤੇ ਪਾਰਕਿੰਗ ਦੀ ਇਜਾਜ਼ਤ ਹੈ।

ਸਾਰੇ ਪਾਰਕਿੰਗ ਨਿਯਮਾਂ ਅਤੇ ਸਾਈਨ ਬੋਰਡਾਂ ਦੀ ਪਾਲਣਾ ਕਰਨਾ ਯਾਦ ਰੱਖੋ। ਜਿੱਥੇ 'ਨੋ ਪਾਰਕਿੰਗ' ਦੇ ਸਾਈਨ ਬੋਰਡ ਲੱਗੇ ਹੋਣ, ਉੱਥੇ ਤੁਹਾਨੂੰ ਆਪਣਾ ਵਾਹਨ ਪਾਰਕ ਕਰਨ ਦੀ ਇਜਾਜ਼ਤ ਨਹੀਂ ਹੈ। ਪਾਰਕਿੰਗ ਕਰਦੇ ਸਮੇਂ ਸਾਈਡਵਾਕ, ਫਾਇਰ ਰੂਟ, ਬਾਈਕ ਲੇਨ ਜਾਂ ਕਿਸੇ ਗੁਆਂਢੀ ਦੇ ਡਰਾਈਵਵੇਅ ਨੂੰ ਨਾ ਰੋਕੋ।

## ਚੰਗੇ ਗੁਆਂਢੀ ਬਣੋ

ਜਦੋਂ ਕਿਸੇ ਪਾਰਟੀ ਜਾਂ ਇਕੱਠ ਦੀ ਮੇਜ਼ਬਾਨੀ ਕਰ ਰਹੇ ਹੋਵੋ ਜਾਂ ਉਸ ਵਿੱਚ ਸ਼ਾਮਲ ਹੋ ਰਹੇ ਹੋਵੋ, ਤਾਂ ਸ਼ਿਕਾਇਤਾਂ ਜਾਂ ਜੁਰਮਾਨੇ ਤੋਂ ਬਚਣ ਲਈ ਆਪਣੇ ਗੁਆਂਢੀਆਂ ਦਾ ਸਤਿਕਾਰ ਕਰੋ। ਯਕੀਨੀ ਬਣਾਓ ਕਿ ਤੁਸੀਂ ਸ਼ਹਿਰ ਦੇ ਨੋਇਜ ਕੰਟ੍ਰੋਲ ਬਾਇ-ਲਾਅ (Noise Control By-

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga x.com/citymississauga


law) ਦੇ ਨਿਯਮਾਂ ਦੀ ਪਾਲਣਾ ਕਰਦੇ ਹੋ – ਉੱਚੀ ਅਵਾਜ਼ ਵਿੱਚ ਚੀਕਣ ਜਾਂ ਪਾਰਟੀ ਕਰਨ ਵਰਗੇ ਸ਼ੋਰ, ਜੋ ਆਸਪਾਸ ਦੇ ਵਸਨੀਕਾਂ ਨੂੰ ਪਰੇਸ਼ਾਨ ਕਰ ਸਕਦੇ ਹਨ, ਨੂੰ ਸੋਮਵਾਰ ਤੋਂ ਸ਼ਨੀਵਾਰ, ਰਾਤ 11 ਵਜੇ ਤੋਂ ਸਵੇਰੇ 7 ਵਜੇ ਤੱਕ, ਅਤੇ ਸ਼ਨੀਵਾਰ ਰਾਤ 11 ਵਜੇ ਤੋਂ ਐਤਵਾਰ ਸਵੇਰੇ 9 ਵਜੇ ਤੱਕ ਘੱਟ ਰੱਖਿਆ ਜਾਣਾ ਚਾਹੀਦਾ ਹੈ। ਆਲੇ-ਦੁਆਲੇ ਦੇ ਆਂਢ-ਗੁਆਂਢ 'ਤੇ ਨਕਾਰਾਤਮਕ ਪ੍ਰਭਾਵਾਂ ਨੂੰ ਰੋਕਣ ਲਈ ਜ਼ਿੰਮੇਵਾਰੀ ਨਾਲ ਇਕੱਠੇ ਹੋਵੋ (Gather responsibly)।

## ਪਾਰਕਾਂ ਵਿੱਚ ਪਾਰਕਿੰਗ

ਕੀ ਤੁਸੀਂ ਝੀਲ ਦੇ ਕਿਨਾਰੇ ਜਾਂ Mississauga ਦੇ ਕਿਸੇ ਪਾਰਕ ਵਿੱਚ ਜਾ ਰਹੇ ਹੋ? ਸਿਰਫ਼ ਪਾਰਕਾਂ ਅਤੇ ਆਂਢ-ਗੁਆਂਢਾਂ ਦੇ ਅੰਦਰ ਨਿਰਧਾਰਤ ਖੇਤਰਾਂ ਵਿੱਚ ਹੀ ਪਾਰਕਿੰਗ ਕਰੋ। ਗੈਰ-ਕਾਨੂੰਨੀ ਢੰਗ ਨਾਲ ਪਾਰਕਿੰਗ ਕੀਤੇ ਗਏ ਵਾਹਨ ਨਾ ਸਿਰਫ਼ ਆਂਢ-ਗੁਆਂਢ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦੇ ਹਨ, ਬਲਕਿ ਐਮਰਜੈਂਸੀ ਸੇਵਾ ਵਾਹਨਾਂ ਲਈ ਖੇਤਰ ਤੱਕ ਪਹੁੰਚਣਾ ਵੀ ਮੁਸ਼ਕਲ ਬਣਾਉਂਦੇ ਹਨ।

ਗੈਰ-ਕਾਨੂੰਨੀ ਤੌਰ 'ਤੇ ਪਾਰਕਿੰਗ ਕਰਨ (Parking illegally) 'ਤੇ ਜੁਰਮਾਨਾ ਵੀ ਹੋ ਸਕਦਾ ਹੈ। ਬੁੱਧਵਾਰ, 30 ਸਤੰਬਰ ਤੱਕ, ਲੋਕਲ ਸੜਕਾਂ, ਸ਼ਹਿਰ ਦੇ ਪਾਰਕਾਂ ਅਤੇ ਲੇਕਸ਼ੋਰ ਰੋਡ (Lakeshore Road) ਦੇ ਦੱਖਣ ਵਿੱਚ ਸਥਿਤ ਮਿਊਨਿਸਿਪਲ ਪਾਰਕਿੰਗ ਲੌਟਸ ਵਿੱਚ ਪਾਰਕਿੰਗ ਅਤੇ ਰੁਕਣ ਸੰਬੰਧੀ ਉਲੰਘਣਾਵਾਂ 'ਤੇ 100 ਡਾਲਰ ਜਾਂ ਵੱਧ ਦਾ ਜੁਰਮਾਨਾ ਲੱਗੇਗਾ।

## ਪਾਰਕਿੰਗ ਦੇ ਨਿਯਮ-ਕਾਇਦੇ

Mississauga ਦੇ ਪਾਰਕਾਂ (Mississauga's parks) ਵਿੱਚ ਆਉਣ ਵੇਲੇ, ਪਾਰਕਿੰਗ ਦੇ ਨਿਯਮ-ਕਾਇਦਿਆਂ ਦੀ ਪਾਲਣਾ ਕਰਨਾ ਜ਼ਰੂਰੀ ਹੈ:

- ਆਪਣਾ ਕੂੜਾ ਸਹੀ ਕੰਟੇਨਰ ਵਿੱਚ ਸੁੱਟੋ।
- ਹਮੇਸ਼ਾਂ ਆਪਣੇ ਕੁੱਤੇ ਦਾ ਪਖਾਨਾ ਸਾਫ਼ ਕਰੋ ਅਤੇ ਉਸਨੂੰ ਪੱਟਾ ਪਾ ਕੇ ਰੱਖੋ।
- ਜੰਗਲੀ ਜੀਵਾਂ ਨੂੰ ਖੁਆਉਣ ਤੋਂ ਬਚੋ।
- ਸਿਰਫ਼ ਨਿਰਧਾਰਤ ਖੇਤਰਾਂ ਵਿੱਚ ਹੀ ਬਾਰਬੇਕਿਊ ਕਰੋ।
- ਗਰਮ ਕੋਇਲਿਆਂ ਨੂੰ ਨਿਰਧਾਰਤ ਡੱਬਿਆਂ ਵਿੱਚ ਢੰਗ ਨਾਲ ਸੁੱਟੋ।

ਇਸ ਲੰਬੇ ਵੀਕੈਂਡ **ਨੂੰ**, ਇੱਕ ਚੰਗੇ ਗੁਆਂਢੀ ਬਣਨਾ ਯਾਦ ਰੱਖੋ। ਇੱਕ ਦੂਜੇ ਨਾਲ ਦਿਆਲੂ ਰਹੋ, ਅਤੇ ਕਿਰਪਾ ਕਰਕੇ ਸਿਟੀ ਸਟਾਫ਼ ਦਾ ਸਤਿਕਾਰ ਕਰੋ, ਜੋ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕੰਮ ਕਰ ਰਹੇ ਹੋਣਗੇ ਕਿ ਤੁਹਾਡਾ ਅਤੇ ਤੁਹਾਡੇ ਆਸਪਾਸ ਦੇ ਲੋਕਾਂ ਦਾ, ਵਿਕਟੋਰੀਆ ਡੇ ਦਾ ਲੰਬਾ ਵੀਕੈਂਡ ਮਜ਼ੇਦਾਰ ਅਤੇ ਸੁਰੱਖਿਅਤ ਰਹੇ।